ੴ ਸਤਿਗੁਰ ਪ੍ਰਸਾਦਿ

ਟ੍ਰੈਕਟ ਨੰ: 39

# ਵੈਸਾਖੀ

ਪ੍ਰਕਾਸ਼ਕ:

## ਗੁਰਮਤਿ ਪ੍ਰਚਾਰ ਸਭਾ

ਪਟਿਆਲਾ

| | | |
|---|---|---|
| ਅਪ੍ਰੈਲ ੧੯੯੮ | ਸੰਮਤ ਖਾਲਸਾ • ੨੯੯ | ਤੀਜੀ ਵਾਰ ੨੦.੦੦੦ |

ਆਪ ਪੜ੍ਹ ਕੇ ਹੋਰਨਾਂ ਨੂੰ ਪੜ੍ਹਾਉਣ ਦੀ ਸੇਵਾ ਕਰੋ ਜੀ।

# ਸਭਾ ਵਲੋਂ ਛਪਿਆ ਕੁਝ ਲਿਟ੍ਰੇਚਰ

1. ਹਰ ਗੁਰਸਿਖ ਦੇ ਪੜਨ ਯੋਗ ਪੁਸਤਕ ਅੰਮ੍ਰਿਤਵੇਲਾ' ਡਾ : ਤੇਜਿੰਦਰ ਸਿੰਘ ਜੀ ਦੀ ਲਿਖਤ ਅੱਧਾ ਮੁਲ = 12/-
2. ਰੂਹਾਂ ਸੰਬੰਧੀ ਅਮਰੀਕਨ ਲੇਖਕਾ ਰੂਥ ਮਾਂਟਗੁਮਰੀ ਦੀ ਲਿਖੀ ਪੁਸਤਕ A world Beyond ਦਾ ਖੁਲ੍ਹਾ ਉਲਥਾ ਅਬਿਨਾਸ਼ੀ ਲੀਲਾ = 7/-
3. ਸ : ਜੁਗਿੰਦਰ ਸਿੰਘ ਬੰਬਈ ਲਿਖਤ ਪੁਸਤਕ 'ਸਿਮਰਨ ਕਿਦਾਂ ਕਰੀਏ ? 'A Practical Guide' = 5/-
4. ਸਭ ਬੀਮਾਰੀਆਂ ਦਾ ਇਲਾਜ 'ਪ੍ਰਭੂ ਨਾਮ' = 5/-
5. ਜਾਪੁ ਸਾਹਿਬ ਸੰਖੇਪ ਅਰਥਾਂ ਸਹਿਤ = 5/-
6. ਜਪੁਜੀ, ਰਹਿਰਾਸ, ਸੋਹਿਲਾ ਤੇ ਅਰਦਾਸ ਮੋਟੇ ਅਖਰਾਂ ਵਿਚ ਸ਼ੁਧ ਉਚਾਰਨ ਸੰਕੇਤਾਂ ਸਹਿਤ = 4/-
7. ਜਮਦੂਤ ਛਡਿ ਜਾਹਿ = 2/-
8. ਨਾਮੁ ਸਹਾਈ = 2/-
9. ਵਿਚਿ ਦੁਨੀਆ ਸੇਵਿ ਕਮਾਈਐ = 2/-
10. ਭਰੋਸੇ ਦੀਆਂ ਗੱਲਾਂ = 2.50/-

ਇਹ ਅਤੇ ਹਰ ਮਹੀਨੇ ਛਪਣ ਵਾਲੇ ਟ੍ਰੈਕਟ 50/- ਰੁ: ਸੈਂਕੜਾ ਦੇ ਹਿਸਾਬ ਮੰਗਵਾਉਣ ਲਈ ਭਾ: ਸੁਖਬੀਰ ਸਿੰਘ, ਗੁਰਸਿੱਖ ਫੁਲਵਾੜੀ ਪਬਲਿਕ ਸਕੂਲ, ਗਲੀ ਨੰ: 8, ਗੁਰਬਖਸ਼ ਕਾਲੋਨੀ, ਪਟਿਆਲਾ-147 003 ਨੂੰ ਲਿਖਿਆ ਜਾਏ । ਫੋਨ ਨੰ: 266796

ਨੋਟ : ਡਾਕ ਖਰਚ ਸਭਾ ਆਪਣੇ ਵਲੋਂ ਕਰੇਗੀ । ਮਨੀਆਰਡਰ ਕੂਪਨ ਉਤੇ ਆਪਣਾ ਨਾਂ ਪਤਾ ਅਤੇ ਵੇਰਵਾ ਜ਼ਰੂਰ ਲਿਖੋ ਜੀ । ਭੇਟਾ ਪਹਿਲਾਂ ਭੇਜੋ ਜੀ । ਸਭਾ V.P.P. ਨਹੀਂ ਭੇਜਦੀ ।

ਪ੍ਰਾਰਥਕ

# ਵੈਸਾਖੀ

ਸਾਡੇ ਦੇਸ਼ ਵਿਚ ਬਹੁਤ ਪੁਰਾਣੇ ਸਮੇਂ ਤੋਂ 'ਵੈਸਾਖੀ' ਨੂੰ ਵਖ ਵਖ ਥਾਵਾਂ ਤੇ ਵਖ ਵਖ ਰੂਪਾਂ ਵਿਚ ਮਨਾਉਣ ਦੀ ਪ੍ਰਥਾ ਚਲੀ ਆ ਰਹੀ ਹੈ।

ਸਾਡੇ ਵਡੇ ਵਡੇਰੇ ਵੈਸਾਖ ਦੇ ਮਹੀਨੇ ਦੀ ਪਹਿਲੀ ਤਾਰੀਖ਼ (ਵੈਸਾਖੀ) ਨੂੰ 'ਵਸੋਆ' ਕਿਹਾ ਕਰਦੇ ਸਨ ਜਿਸ ਦਾ ਅਰਥ ਹੈ 'ਨਵਾਂ ਦਿਨ'।

ਗੁਰੂ ਨਾਨਕ ਪਾਤਸ਼ਾਹ ਦੇ ਕਥਨ 'ਵੈਸਾਖ ਭਲਾ ਸਾਖਾ ਕਰੇ' ਅਨੁਸਾਰ ਇਸ ਨਵੇਂ ਦਿਨ ਨਾਲ ਸ਼ੁਰੂ ਹੋਏ ਵੈਸਾਖ ਦੇ ਮਹੀਨੇ, ਬਿਰਛਾਂ ਬੂਟਿਆਂ ਨੂੰ ਨਵੀਆਂ ਸ਼ਾਖਾਂ, ਨਵੀਆਂ ਪਤੀਆਂ, ਨਵੇਂ ਫੁਲ-ਫਲਾਂ ਅਤੇ ਨਵੀਂ ਫਸਲ ਦੇ ਤਿਆਰ ਹੋਣ ਨਾਲ ਜਿਥੇ ਬਹਾਰ ਦਾ ਆਉਣਾ ਹੁੰਦਾ ਹੈ, ਉਥੇ ਸਾਡੇ ਪੂਰਵਜਾਂ (ਵਡੇ ਵਡੇਰਿਆਂ) ਨੇ ਇਸ ਦਿਨ ਨੂੰ ਸਾਡੇ ਮਨੁੱਖਾਂ ਦੇ ਮਨਾਂ ਅੰਦਰ ਨਵੀਆਂ ਇਛਾਵਾਂ, ਨਵੀਆਂ ਰੀਝਾਂ, ਨਵੇਂ ਖਿਆਲ, ਨਵੇਂ ਉਤਸ਼ਾਹ ਅਤੇ ਨਵੇਂ ਚਾਉ-ਮਲਾਰ ਲਿਆਉਣ ਵਾਲੇ ਇਸ ਦਿਨ ਨੂੰ ਵਸੋਆ-ਵੈਸਾਖੀ ਮੰਨਿਆ ਹੈ।

ਗੁਰੂ ਘਰ ਦੇ ਨਵੇਂ ਖਿਆਲ, ਨਵੇਂ ਵਿਚਾਰ, ਨਵੀਆਂ ਰੀਝਾਂ ਅਤੇ ਨਵੇਂ ਚਾਉ ਮਲ੍ਹਾਰਾਂ ਨੂੰ ਮੰਨਣ-ਮੰਨਾਉਣ ਅਤੇ ਪ੍ਰਚਾਰਨ ਲਈ ਇਸ ਦਿਨ ਨੂੰ ਉਚੇਰੇ ਤੌਰ ਤੇ ਤਿਉਹਾਰ ਦੇ ਰੂਪ 'ਚ ਮਨਾਉਣ ਲਈ ਸਭ ਤੋਂ ਪਹਿਲਾਂ ਗੋਇੰਦਵਾਲ ਸਾਹਿਬ ਵਿਖੇ ਭਾਈ ਪਾਰੋ, ਪਰਮ ਹੰਸ ਜੀ ਨੇ ਗੁਰੂ ਅਮਰਦਾਸ ਪਾਤਸ਼ਾਹ ਦੀ ਆਗਿਆ ਅਤੇ ਅਗਵਾਈ ਨਾਲ ਮਨਾਉਣਾ ਆਰੰਭਿਆ ਸੀ।

ਇਸ ਤੋਂ ਮਗਰੋਂ ਚੌਥੇ ਪਾਤਸ਼ਾਹ, ਗੁਰੂ ਰਾਮਦਾਸ ਜੀ ਮਹਾਰਾਜ ਨੇ ਅੰਮ੍ਰਿਤਸਰ ਅਤੇ ਪੰਜਵੇਂ ਪਾਤਸ਼ਾਹ ਨੇ ਅੰਮ੍ਰਿਤਸਰ ਤਰਨ ਤਾਰਨ ਅਤੇ ਕਰਤਾਰਪੁਰ ਵਿਚ, ਛੇਵੇਂ ਪਾਤਸ਼ਾਹ ਨੇ ਇਨ੍ਹਾਂ ਉਪਰਲੀਆਂ ਥਾਵਾਂ ਤੋਂ ਇਲਾਵਾ ਕੀਰਤਪੁਰ ਸਾਹਿਬ ਵਿਚ ਵੀ ਇਸ ਤਿਉਹਾਰ ਨੂੰ ਪੁਰਬ ਦੇ ਰੂਪ ਵਿਚ, ਗੁਰਮਤਿ ਨੂੰ ਸਮਝਣ-ਸਮਝਾਉਣ ਅਤੇ ਪ੍ਰਚਾਰਨ ਲਈ ਜਾਰੀ ਰੱਖਿਆ। ਇਸ ਨਾਲ ਦੂਰ ਨੇੜੇ ਦੀਆਂ ਸੰਗਤਾਂ ਦੇ ਇੱਕਠ, ਆਪਸ ਵਿਚ ਪ੍ਰੇਮ-ਪਿਆਰ ਅਤੇ ਮਿਲਵਰਤਨ ਦੇ ਵਾਧੇ ਦਾ ਕਾਰਨ ਬਣੇ।

'ਗੁਰ ਸੰਗਤ ਕੀਨੀ ਖਾਲਸਾ' ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਿਖ ਸੰਗਤ ਨੂੰ ਖਾਲਸਾ ਬਣਾਉਣ (ਸਾਜਣ) ਲਈ 1699 ਦੀ ਵੈਸਾਖੀ ਦੇ ਦਿਨ ਨੂੰ ਹੀ ਚੁਣਿਆ। ਸਾਡੇ ਮਨੁੱਖਾਂ ਵਿਚ ਨਵੀਨਤਾ ਲਿਆਉਣ ਲਈ, ਉਨ੍ਹਾਂ ਨੂੰ ਸ਼ਸਤਰਾਂ-ਅਸਤਰਾਂ ਨਾਲ ਸਜਾਉਣ ਲਈ ਅਨੰਦਪੁਰ ਸਾਹਿਬ ਦੇ ਕੇਸਗੜ੍ਹ ਵਾਲੇ ਅਸਥਾਨ ਉਤੇ ਕੌਤਕ ਕੀਤਾ।

ਦੂਜੇ ਸ਼ਬਦਾਂ 'ਚ ਇਕ ਪੁਰਖੀ ਗੁਰੂ ਪਦਵੀ ਦਾ ਭੋਗ ਪਾ ਕੇ ਪੰਚਾਇਤੀ ਰਾਜ, ਪੰਚਾਇਤ ਨੂੰ ਹੀ ਗੁਰਿਆਈ ਦੇ ਅਧਿਕਾਰ ਬਖਸ਼ਣ ਦੀ ਪ੍ਰਾਰੰਭਤਾ ਲਈ ਗੁਰੂ ਪਾਤਸ਼ਾਹ ਨੇ ਇਸ ਦਿਨ ਨੂੰ ਹੀ ਚੁਣਿਆ।

ਉਸ ਸਮੇਂ ਚੋਹਾਂ ਪਾਸਿਆਂ ਤੋਂ ਸਾਨੂੰ ਮਨੁੱਖਾਂ ਨੂੰ ਡਰ ਹੀ ਡਰ, ਮੌਤ ਹੀ ਮੌਤ ਦਿਖਾਈ ਦੇਂਦੀ ਸੀ। ਗੁਰੂ ਪਾਤਸ਼ਾਹ ਨੇ ਪਹਿਲੇ ਜਾਮਿਆਂ ਵਿਚ ਸਿਖਾਂ ਅੰਦਰ :–

*ਪਹਿਲਾ ਮਰਣੁ ਕਬੂਲਿ, ਜੀਵਣ ਦੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸ ॥*

ਦਾ ਸਬਕ ਜਿਥੇ ਪੜ੍ਹਾ ਦਿਤਾ ਹੋਇਆ ਸੀ ਉਥੇ

*ਜਉ ਤਉ ਪ੍ਰੇਮ ਖੇਲਣ ਕਾ ਚਾਉ,*

*ਸਿਰ ਧਰ ਤਲੀ ਗਲੀ ਮੇਰੀ ਆਓ ॥*
*ਇਤ ਮਾਰਗ ਪੈਰ ਧਰੀਜੈ,*
*ਸਿਰ ਦੀਜੈ ਕਾਣ ਨ ਕੀਜੈ ॥*

ਦਾ ਉਪਦੇਸ਼ ਵੀ ਦ੍ਰਿੜ ਕਰਾ ਚੁਕੇ ਸਨ। ਜਿਸ ਕਰਕੇ ਇਸ ਦਿਨ ਸਿਖਾਂ ਨੂੰ ਇਹ ਸਮਝਣਾ ਮੁਸ਼ਕਲ ਨ ਲਗਾ ਕਿ :–

*ਮੈਂ ਨ ਮਰਊ, ਮਰਬੋਂ ਸੰਸਾਰਾ*
*ਅਬ ਮੋਹਿ ਮਿਲਿਓ ਹੈ ਜੀਆਵਣਹਾਰਾ ॥*

ਇਤਿਹਾਸ ਪੜ੍ਹਨ ਤੋਂ ਪਤਾ ਲਗਦਾ ਹੈ ਕਿ ਇਸ ਕਾਰਜ ਨੂੰ ਸਿਰੇ ਚਾੜ੍ਹਨ ਲਈ ਗੁਰੂ ਪਾਤਸ਼ਾਹ ਨੇ ਲਗ ਭਗ ਇਕ ਸਾਲ ਪਹਿਲਾਂ ਤੋਂ ਹੀ ਦੂਰ ਨੇੜੇ ਦੀਆਂ ਸੰਗਤਾਂ ਨੂੰ (1699 ਦੀ ਵੈਸਾਖੀ ਉਤੇ) ਅਨੰਦਪੁਰ ਸਾਹਿਬ ਪੁਜਣ ਦੇ ਹੁਕਮਨਾਮੇ ਜਾਰੀ ਕਰਨੇ ਸ਼ੁਰੂ ਕਰ ਦਿਤੇ ਸਨ। ਜਿਵੇਂ ਕਿ ਸੰਮਤ 1755 (1698 ਈ:) 14 ਚੇਤ ਦਾ ਚਮਕੌਰ ਸਾਹਿਬ ਦੀ ਸੰਗਤ ਨੂੰ ਲਿਖਿਆ ਹੁਕਮਨਾਮਾ।

ਲਗਭਗ ਸਾਰੇ ਪੁਰਾਣੇ ਇਤਿਹਾਸਕਾਰ ਲਿਖਦੇ ਹਨ ਕਿ 30 ਚੇਤਰ ਸੰਮਤ 1756 (ਵੈਸਾਖੀ ਤੋਂ ਇਕ ਦਿਨ ਪਹਿਲਾਂ) ਜਦ ਕਲਗੀਧਰ ਪਾਤਸ਼ਾਹ ਨੇ ਕੇਸਗੜ੍ਹ ਵਾਲੀ ਉਚੀ ਥਾਂ ਉਤੇ ਪਸ਼ਮੀਨੇ ਦੇ ਵਡੇ ਸ਼ਾਮਿਆਨੇ ਹੇਠਾਂ ਦਰਬਾਰ ਸਜਾਇਆ ਤਾਂ ਘਟੋ ਘਟ 80,000 ਸਿਖ ਹਾਜ਼ਰ ਸਨ। ਉਸ ਸਮੇਂ ਆਵਾਜਾਈ ਦੇ ਸਾਧਨ ਜਿਥੇ ਐਵੇਂ ਨਾਮ ਮਾਤਰ ਹੀ ਹੋਇਆ ਕਰਦੇ ਸਨ, ਉਥੇ ਵਸੋਂ ਵਿਰਲੀ-ਵਿਰਲੀ ਤੇ ਦੂਰ ਦੂਰ ਹੋਣ ਕਾਰਨ, ਜੰਗਲਾਂ ਦੀ ਜ਼ਿਆਦਤੀ ਅਤੇ ਦਰਿਆਵਾਂ ਆਦਿ ਉਤੇ ਪੁਲਾਂ ਦੀ ਬੜੀ ਵਡੀ ਘਾਟ ਕਾਰਨ ਸਫਰ ਦੀ ਜਿਤਨੀ ਔਖਿਆਈ ਹੋਇਆ ਕਰਦੀ ਸੀ, ਅਜ ਅਸੀਂ ਸਭ ਤਰ੍ਹਾਂ ਦੀਆਂ ਸਹੂਲਤਾਂ ਦਾ ਅਨੰਦ ਮਾਣਨ ਵਾਲਿਆਂ ਲਈ ਉਸ ਔਖਿਆਈ ਦਾ ਅੰਦਾਜ਼ਾ ਲਾਉਣਾ ਹੀ ਮੁਸ਼ਕਲ ਹੈ। ਕਿਸ ਤਰ੍ਹਾਂ ਗੁਰੂ ਦੇ ਪਿਆਰ ਦੀ ਖਿਚ ਸਦਕਾ, ਗੁਰੂ ਦੇ ਹੁਕਮ ਦੀ

ਪਾਲਣਾ ਕਰਨ ਵਾਲੇ ਸਿਖ ਭਾਰਤ ਦੇ ਕੋਨੇ ਕੋਨੇ ਤੋਂ ਇਤਨੀ ਵਡੀ ਗਿਣਤੀ ਵਿਚ ਸਫਰ ਦੀ ਔਖਿਆਈਆਂ ਸਾਹਰਦੇ ਹੋਏ ਪੁਜੇ ਸਨ।

ਇਤਨੀ ਵੱਡੀ ਹਾਜ਼ਰੀ ਵਾਲੇ ਦੀਵਾਨ ਵਿਚ ਜਿਸ ਤਰ੍ਹਾਂ ਗੁਰੂ ਪਾਤਸ਼ਾਹ ਨੇ ਸੰਗਤ ਵਿਚ ਨੰਗੀ ਕਿਰਪਾਨ ਲੈ ਕੇ ਵਾਰੀ ਵਾਰੀ ਪੰਜ ਸਿਖਾਂ ਦੇ ਸਿਰਾਂ ਦੀ ਮੰਗ ਕੀਤੀ, ਜਿਸ ਨੂੰ ਸੁਣ ਵਾਰੋ ਵਾਰੀ ਪੰਜ ਸਿਦਕੀ ਸਿਖ, ਸਿਰ ਭੇਟ ਕਰਨ ਲਈ ਉਠਦੇ ਰਹੇ, ਇਹ ਵਾਰਤਾ ਸਾਰਾ ਸਿਖ ਜਗਤ ਜਾਣਦਾ ਹੀ ਹੈ।

## *ਗੁਰਮੁਖ–ਸਨਮੁਖ–ਮਨਮੁਖ–ਬੇਮੁਖ*

ਇਸ ਕੋਤਕ ਉਪ੍ਰੰਤ ਉਨਾਂ ਪੰਜ ਸਿਖਾਂ ਨੂੰ ਗੁਰੂ ਸਾਹਿਬ ਨੇ ਆਪਣੇ ਵਰਗ ਨਵੇਂ ਪੁਸ਼ਾਕੇ ਵਿਚ ਸ਼ਸਤਰ-ਅਸਤਰ ਸਜਾ ਕੇ ਜਦ ਦੀਵਾਨ ਵਿਚ ਲਿਆਂਦਾ ਤਾਂ ਉਨਾਂ ਨੂੰ (ਮੇਰੇ) 'ਪਿਆਰੇ' 'ਪੰਜ ਪਿਆਰੇ' ਸ਼ਬਦਾਂ ਨਾਲ ਸੰਬੋਧਨ ਕੀਤਾ। ਇਨ੍ਹਾਂ ਪੰਜਾਂ ਨੂੰ ਗੁਰਮੁਖ ਆਖਿਆ।

ਸੰਗਤ ਨੇ ਜਦ ਪੰਜਾਂ ਨੂੰ ਇਸ ਰੂਪ **ਵਿਚ** ਵੇਖਿਆ ਤਾਂ ਉਨ੍ਹਾਂ ਵਿਚੋਂ ਕਈ ਉਠ ਕੇ ਗੁਰੂ ਚਰਨਾਂ ਤੇ ਆ ਢਠੇ ਅਤੇ ਹੁਕਮ ਦੀ ਪਾਲਣਾ ਪਹਿਲਾਂ ਨਾਂਹ ਕਰ ਸਕਣ ਦੀ ਅਵਗਿਆ ਵਜੋਂ ਮਾਫ਼ੀਆਂ ਮੰਗਣ ਲਗੇ।

ਇਕ ਨੇ ਤਾਂ ਇਥੋਂ ਤਕ ਵੀ ਕਿਹਾ ਪਾਤਸ਼ਾਹ ਜੀ ! ਪੰਜ ਸੀਸ ਤਾਂ ਖੁਸ਼ੀ ਨਾਲ ਭੇਟ ਹੋਏ, ਮੇਰਾ ਸੀਸ ਇਸ ਦੰਡ ਦੇ ਬਦਲੇ ਕਟ ਦਿਓ ਕਿ ਮੈਂ ਆਪ ਜੀ ਦੀ ਮੰਗ ਉਤੇ ਨਹੀਂ ਉਠ ਸਕਿਆ। ਮੈਂ ਆਪ ਜੀ ਦੇ ਹੁਕਮ ਨਾਲੋਂ ਆਪਣੇ ਸਰੀਰ ਨੂੰ ਜ਼ਿਆਦਾ ਪਿਆਰ ਕੀਤਾ–ਹੁਣ ਇਹ ਸਰੀਰ ਜ਼ਰੂਰ ਲੈ ਲਵੋ।

ਇਸ ਤਰ੍ਹਾਂ ਦੀਆਂ ਸਿਖਾਂ ਦੀਆਂ ਅਰਜੋਈਆਂ, ਪਛੁਤਾਵਿਆਂ ਨੂੰ ਵੇਖ ਸੁਣ ਗੁਰੂ ਪਾਤਸ਼ਾਹ ਨੇ ਕਿਹਾ ਤੁਸੀਂ ਸਾਰੇ ਮੇਰੇ ਹੋ, ਮੈਂ ਤੁਹਾਡਾ ਹਾਂ। ਤੁਸੀਂ ਬੇਮੁਖ ਨਹੀਂ ਹੋ–ਬੇਮੁਖ ਤਾਂ ਇਥੋਂ ਦੌੜ ਗਏ

ਹਨ–

ਮਨਮੁਖ ਬੈਠੇ ਉਕਤੀਆਂ ਜੁਗਤੀਆਂ ਕਰਦੇ ਰਹੇ, ਹੁਜਤਾਂ ਕਰਦੇ ਰਹੇ।

ਤੁਸੀਂ ਸਨਮੁਖ ਹੋ, ਜੋ ਮੰਗ ਸਮੇਂ ਉਠ ਨਹੀਂ ਸਕੇ ਅਤੇ ਹੁਣ ਆਪਣੀ ਭੁਲ ਸਮਝ ਕੇ ਪਛਤਾਵਾ ਕਰ ਰਹੇ ਹੋ। ਇਸ ਤਰ੍ਹਾਂ ਗੁਰਮੁਖ, ਸਨਮੁਖ, ਮਨਮੁਖ ਅਤੇ ਬੇਮੁਖ ਦੇ ਅਰਥ ਸਮਝਾਉਂਦਿਆਂ ਗੁਰੂ ਪਾਤਸ਼ਾਹ ਨੇ ਦੀਵਾਨ ਦੀ ਸਮਾਪਤੀ ਕਰਦਿਆਂ ਉਨ੍ਹਾਂ ਪੰਜਾਂ ਨੂੰ ਕੇਸੀਂ ਇਸ਼ਨਾਨ ਕਰਕੇ ਅਗਲੇ ਦਿਨ (ਪਹਿਲੀ ਵੈਸਾਖ ਨੂੰ) ਅੰਮ੍ਰਿਤ ਵੇਲੇ ਦੇ ਦੀਵਾਨ ਵਿਚ, ਹਾਜ਼ਰ ਹੋਣ ਲਈ ਜਿਥੇ ਕਿਹਾ ਉਥੇ ਸਮੂਹ-ਸੰਗਤ ਨੂੰ ਵੀ ਹਾਜ਼ਰ ਹੋਣ ਦਾ ਆਦੇਸ਼ ਦਿਤਾ।

***ਅੰਮ੍ਰਿਤ ਵੇਲਾ ਸਚੁ ਨਾਉਂ ਵਡਿਆਈ ਵੀਚਾਰ'***

ਦਾ ਉਪਦੇਸ਼ ਗੁਰੂ ਨਾਨਕ ਪਾਤਸ਼ਾਹ ਨੇ ਜਿਥੇ ਦਿਤਾ ਸੀ ਉਥੇ ਇਹ ਵੀ ਸਮਝਾਇਆ ਸੀ :–

***ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ***
***ਭਗਤ ਖਾਇ ਖਰਚਿ ਰਹੈ ਨਿਖੁਟੈ ਨਾਹੀ ॥*** **(733)**

ਭਾਵ–ਹੇ ਭਾਈ । ਪ੍ਰਮਾਤਮਾ ਦਾ ਨਾਮ (ਭੀ) ਧਨ ਹੈ। (ਇਹ ਧਨ) ਰਤਨ, ਜਵਾਹਰ-ਮੋਤੀ (ਵਰਗਾ ਕੀਮਤੀ) ਹੈ। ਪ੍ਰਭੂ ਦੇ ਭਗਤਾਂ ਨੇ ਵੱਤਰ ਦੇ ਵੇਲੇ (ਅੰਮ੍ਰਿਤ ਵੇਲੇ) ਉਠ ਕੇ (ਜਦੋਂ ਆਤਮਕ ਜੀਵਨ ਪਲਰਦਾ ਹੈ) ਇਸ ਹਰਨਾਮ ਧਨ ਨਾਲ ਸੁਰਤ ਜੋੜਨੀ ਹੁੰਦੀ ਹੈ। ਵੱਤਰ ਦੇ ਵੇਲੇ ਅੰਮ੍ਰਿਤ ਵੇਲੇ ਉਠ ਕੇ ਬੀਜਿਆ ਹੋਇਆ ਹਰ ਨਾਮ ਧਨ, ਭਗਤ ਜਨ ਆਪ ਵਰਤਦੇ ਰਹਿੰਦੇ ਹਨ; ਹੋਰਨਾਂ ਨੂੰ ਵੰਡਦੇ ਰਹਿੰਦੇ ਹਨ ਜੋ ਮੁਕਦਾ ਨਹੀਂ।

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਸਚੇ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਨੂੰ ਖੰਡੇ ਦੇ ਅੰਮ੍ਰਿਤ ਦੇ ਨਾਲ ਨਾਮ ਰੂਪੀ ਅੰਮ੍ਰਿਤ ਦੀ ਦਾਤ ਬਖਸ਼ਣ ਦਾ ਸਮਾਂ ਵੈਸਾਖੀ ਦੇ ਦਿਨ ਅੰਮ੍ਰਿਤ ਵੇਲਾ ਹੀ

ਚੁਣਿਆ।

ਉਸ ਦਿਨ ਬੇਅੰਤ ਕੜਾਹ ਪ੍ਰਸ਼ਾਦ ਦੀਆਂ ਦੇਗਾਂ ਤਿਆਰ ਹੋਈਆਂ। ਕਈਆਂ ਨੇ ਇਕੋ ਬਾਟੇ ਵਿਚ ਅੰਮ੍ਰਿਤ ਛਕਣ ਤੋਂ ਇਨਕਾਰ ਕੀਤਾ ਪਰ ਫਿਰ ਵੀ ਉਨ੍ਹਾਂ ਪਹਿਲੇ ਪੰਜਾਂ ਪਿਆਰਿਆਂ ਦੇ ਮਗਰੋਂ ਉਸ ਦਿਨ ਵੀਹ ਹਜ਼ਾਰ ਪ੍ਰਾਣੀਆਂ ਨੇ ਅੰਮ੍ਰਿਤ ਛਕਿਆ। (ਫਿਰ ਅਗਲੇ ਦਿਨ ਹੋਰ ਕਈਆਂ ਨੇ)

ਇਸ ਮਹਾਨ ਸਫ਼ਲਤਾ ਨੇ ਸਭ ਨੂੰ ਹੈਰਾਨ ਕਰ ਦਿਤਾ। 'ਲੈਪਲ ਗ੍ਰਿਫਨ' (ਇਕ ਇਤਿਹਾਸਕਾਰ) ਨੇ ਕਿਹਾ ਸੀ ਗੁਰੂ ਜੀ ਨੇ ਖਾਲਸਾ ਇਸ ਤਰ੍ਹਾਂ ਤਿਆਰ ਕੀਤਾ ਜਿਵੇਂ ਜੁਪੀਟਰ (ਦੇਵਤੇ) ਨੇ ਆਪਣੇ ਸਰੀਰ ਵਿਚੋਂ 'ਮਿਨਰਵਾ' ਪੈਦਾ ਕੀਤਾ ਸੀ।

ਜਿਵੇਂ ਦੁਰਗਾ ਨੇ ਆਪਣੇ ਮਥੇ 'ਚੋਂ 'ਚੰਡੀ' ਜ਼ਾਲਮਾਂ ਦਾ ਨਾਸ਼ ਕਰਨ ਲਈ ਕਢੀ ਸੀ। ਇਸ ਮਿਨਰਵਾ (ਸਿੰਘ) ਜਾਂ ਚੰਡੀ (ਖਾਲਸਾ) ਨੇ ਜਿਵੇਂ ਸਮੇਂ ਸਮੇਂ ਜ਼ਾਲਮਾਂ ਦਾ ਖ਼ੂਨ ਕੀਤਾ, ਜਬਰ ਨੂੰ ਰੋਕਿਆ ਅਤੇ ਜ਼ੁਲਮ ਵਿਰੁਧ ਹਮੇਸ਼ਾਂ ਡੱਟਣ ਦਾ ਪ੍ਰਣ ਕੀਤਾ ਅਤੇ ਨਿਭਾਇਆ, ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ। ਇਹੋ ਕਾਰਨ ਹੈ ਕਿ ਇਸ ਦੇ ਵੈਰੀ ਹਮੇਸ਼ਾਂ ਇਸ ਤੋਂ ਭੈ ਖਾਂਦੇ ਰਹੇ ਅਤੇ ਉਸ ਦਾ ਲੋਹਾ ਮੰਨਦੇ ਰਹੇ।

ਅੰਮ੍ਰਿਤ ਛਕਾਉਣ ਉਪ੍ਰੰਤ ਜੋ ਬਚਨ ਗੁਰੂ ਪਾਤਸ਼ਾਹ ਨੇ ਅੰਮ੍ਰਿਤਧਾਰੀ ਸਿਖਾਂ ਨੂੰ ਕਹੇ ਸਨ ਉਨ੍ਹਾਂ ਨੂੰ ਅਹਿਮਦ ਸ਼ਾਹ ਬਟਾਲਵੀ ਜੋ ਔਰੰਗਜ਼ੇਬ ਨੂੰ ਖ਼ਬਰਾਂ ਪਹੁੰਚਾਉਣ ਦਾ ਕੰਮ (ਸੀ.ਆਈ.ਡੀ.) ਕਰਦਾ ਸੀ, ਲਿਖਦਾ ਹੈ ਕਿ ਗੁਰੂ ਪਾਤਸ਼ਾਹ ਨੇ ਸਿਖਾਂ ਨੂੰ ਅੰਮ੍ਰਿਤ ਛਕਾ ਕੇ ਕਿਹਾ :—ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਇਕ ਰਾਹ ਤੇ ਚਲੋ ਅਤੇ ਇਹੋ ਇਕੋ ਧਰਮ ਅਪਣਾਉ।

ਵਖ ਵਖ ਜਾਤਾਂ ਦੇ ਵਿਖੇਂਵੇਂ ਮਿਟਾ ਦਿਉ। ਹਿੰਦੂਆਂ ਦੀਆਂ ਚਾਰ ਜਾਤਾਂ, ਜਿਨ੍ਹਾਂ ਦਾ ਵਰਨਣ ਸ਼ਾਸਤਰਾਂ ਵਿਚ ਆਇਆ ਹੈ,

ਜੜ੍ਹੋਂ ਹੀ ਮੁਕਾ ਦਿਉ ਅਤੇ ਇਕ ਦੂਜੇ ਨਾਲ ਖੁਲ੍ਹ ਕੇ ਮਿਲੋ। ਕੋਈ ਇਕ, ਦੂਜੇ ਨਾਲੋਂ ਆਪਣੇ ਆਪ ਨੂੰ ਵੱਡਾ ਨਾ ਸਮਝੇ।

ਧਾਰਮਕ ਥਾਵਾਂ (ਗੰਗਾ ਆਦਿ) ਤੇ ਯਾਤਰਾ ਕਰਨ ਦਾ ਕੋਈ ਲਾਭ ਨਹੀਂ।

*ਕਿਸੇ ਗਨੇਸ਼ ਆਦਿ ਵਲ ਧਿਆਨ ਨ ਦਿਉ।*

*ਵੇਦ ਸ਼ਾਸਤਰ ਤੋਂ ਉਤਾਂਹ ਉਠੋ।*

ਰਾਮ, ਕ੍ਰਿਸ਼ਨ, ਬ੍ਰਹਮਾ ਅਤੇ ਦੁਰਗਾ ਆਦਿ ਨੂੰ ਪੂਜਣ ਦੀ ਲੋੜ ਨਹੀਂ। ਸਿਰਫ਼ ਗੁਰੂ ਨਾਨਕ ਅਤੇ ਬਾਕੀ ਗੁਰੂਆਂ ਉਤੇ ਵਿਸ਼ਵਾਸ ਲਿਆਉ।

ਸਾਰੇ ਇਕੋ ਬਾਟੇ ਵਿਚ ਅੰਮ੍ਰਿਤ ਛਕੋ ਅਤੇ ਇਕ ਦੂਜੇ ਨੂੰ ਪਿਆਰ ਕਰਕੇ ਨਫ਼ਰਤ ਨੂੰ ਦੂਰ ਕਰੋ।

ਫਿਰ ਆਪ ਨੇ ਜੋ ਰਹਿਤ-ਮਰਿਯਾਦਾ ਦ੍ਰਿੜ ਕਰਾਈ ਉਸਨੂੰ 'ਗੁਰ ਸੋਭਾ' ਦੇ ਲਿਖਾਰੀ ਨੇ ਅਖੀਂ ਡਿਠੇ ਹਾਲ ਇਸ ਤਰ੍ਹਾਂ ਲਿਖੇ ਹਨ:-

***ਬਚਨ ਕੀਓ ਕਰਨਹਾਰ, ਸੰਤਨ ਕੀਓ ਬੀਚਾਰ***
***ਸੁਪਨੋ ਸੰਸਾਰ ਜਾਨ, ਕਹਾਂ ਲਪਟਾਈਐ।***
***ਬਿਖਿਅਨ ਸੋਂ ਤਜ ਸਨੇਹ***
***ਸਤਿਗੁਰੂ ਕੀ ਸਿਧ ਲੇਹਿ।***
***ਬਿਨਸੈਂ ਛਿਨ ਮਹਿ ਦੇਹਿ***
***ਜਮਪੁਰ ਨ ਜਾਈਐ।।***
***ਸੀਸ ਨ ਮੁੰਡਾਵੈ ਮੀਤ***
***ਹੁਕਾ ਤਜਿ, ਭਲੀ ਰੀਤ***
***ਮਨ ਮੈ ਕਰਿ ਪ੍ਰੇਮ ਪ੍ਰੀਤਿ, ਸੰਗਤਿ ਮੈਂ ਜਾਈਐ।***
***ਜੀਵਨ ਦਿਨ ਚਾਰ ਸਮਝ,***

ਦੇਖ, ਬੂਝਿ, ਮਨ ਵੀਚਾਰ,

ਵਾਹਿਗੁਰੂ ਗੁਰੂ ਜੀ ਕਾ ਖਾਲਸਾ ਕਹਾਈਐ।

ਮੁਨਸ਼ੀ ਖੁਸ਼ਵਖਤ ਰਾਏ ਅਨੁਸਾਰ :–

(ਗੁਰੂ ਜੀ ਨੇ) ਨੀਲਾ ਬਾਣਾ ਸਜਾ ਲਿਆ, ਸਰਬ ਲੋਹ ਦੇ ਗਹਿਣੇ ਪਹਿਣੇ ਉਚਤ ਖਿਆਲ ਕੀਤੇ। ਅਨੋਖਾ ਜਿਹਾ ਰੂਪ ਬਣਾ ਲਿਆ, ਦੋ ਸ਼ਮਸ਼ੀਰਾਂ ਗਾਤਰੇ ਲਟਕਾ ਲਈਆਂ। ਕਰਦ, ਚੱਕਰ, ਤੰਮਚਾ (ਪਿਸਤੌਲ) ਤੇ ਕਮਾਨ ਆਦਿ ਸਰਬ ਲੋਹ ਦੇ ਸ਼ਸਤਰ ਧਾਰਨ ਕਰ ਲਏ ਅਰ ਦਸਤਾਰ ਹਥ ਕੁ ਭਰ ਉਚੀ (ਦੁਮਾਲੇਦਾਰ) ਸਜਾਉਣ ਦਾ ਸੁਭਾਉ ਬਣਾ ਲਿਆ।

ਮਿਲਣ ਸਮੇਂ ਦਾ ਬੋਲਾ ਸਲਾਮ ਦੀ ਥਾਂ 'ਫਤਹਿ ਵਾਹਿਗੁਰੂ ਜੀ ਕੀ ਮੁੱਕਰਰ ਕੀਤੀ। ਸੰਝ ਸਵੇਰੇ ਬਾਂਗ ਦੀ ਥਾਂ ਸ਼ਬਦ 'ਅਕਾਲ। ਅਕਾਲ'।। ਗੱਜ ਗੱਜ ਕੇ ਬੁਲਾਣਾ ਆਰੰਭ ਦਿਤਾ। ਆਪਣਾ ਨਾਮ ਗੁਰੂ ਗੋਬਿੰਦ ਸਿੰਘ ਖਾਲਸਾ ਰਖ ਲਿਆ। (ਯਾਦ ਰਵ੍ਹੇ ਗੁਰੂ ਸਾਹਿਬ ਦਾ ਅੰਮ੍ਰਿਤ ਛਕਣ ਤੋਂ ਪਹਿਲਾਂ ਨਾਂ ਗੋਬਿੰਦ ਰਾਇ ਸੀ)

ਉਹ ਲਿਖਦਾ ਹੈ ਕਿ ਪਹਿਲਾਂ ਪ੍ਰਿਥਮ ਪੰਜ ਸਿਖ ਆਪਣੇ ਸਮਾਨ ਰੂਪ-ਧਾਰੀ ਪ੍ਰਗਟ ਕੀਏ। (ਭਾਵ ਨੀਲੇ ਬਸਤ੍ਰ, ਉਚੀਆ ਦੁਮਾਲੇਦਾਰ ਦਸਤਾਰਾਂ, ਸ਼ਸਤਰਾਂ ਨਾਲ ਸਜਾਏ) ਅਤੇ ਆਪਣੇ ਪੰਥ ਪ੍ਰਚਾਰ ਪ੍ਰਸਿਧੀ ਤੇ ਏਕਤਾ ਵਾਸਤੇ ਧਾਰਮਕ ਰਸਮਾਂ (ਨਿਯਮ) ਬੰਨ੍ਹ ਦਿਤੇ.....ਆਪਣੇ ਰਚੇ ਗ੍ਰੰਥ ਵਿਚੋਂ ਪੰਜ ਮੰਤਰ (ਪੰਜ ਬਾਣੀਆਂ ਦਾ ਪਾਠ) ਪੜ੍ਹ ਕੇ ਕੰਮ ਕੀਤਾ......ਆਦਿ–

'ਮੁਆਸਰੇ ਆਲਮਗੀਰੀ' ਅਨੁਸਾਰ ਔਰੰਗਜ਼ੇਬ ਨੇ ਪਹਿਲੀ ਅਪ੍ਰੈਲ 1695 ਨੂੰ ਹੁਕਮ ਜਾਰੀ ਕੀਤਾ ਸੀ ਕਿ ਸਿਵਾਏ ਦਰਬਾਰੀ ਰਾਜਪੂਤਾਂ ਦੇ ਕੋਈ ਹਿੰਦੂ ਤਲਵਾਰ ਨਹੀਂ ਪਹਿਣੇਗਾ, ਸ਼ਸਤਰ ਨਹੀਂ ਧਾਰੇਗਾ–ਨੀਲੇ ਬਸਤਰ ਨਹੀਂ ਪਹਿਨੇਗਾ। ਕੋਈ ਹਿੰਦੂ ਇਰਾਕੀ ਜਾਂ ਅਰਬੀ ਘੋੜੇ ਦੀ ਸਵਾਰੀ ਨਹੀਂ ਕਰੇਗਾ। ਕੋਈ ਹਾਥੀ ਜਾਂ ਪਾਲਕੀ

ਦਾ ਸਵਾਰੀ ਨਹੀਂ ਕਰੇਗਾ......ਆਦਿ।

ਉਪਰ ਦਿਤੇ ਬਾਦਸ਼ਾਹੀ ਹੁਕਮ ਦੇ ਉਲਟ ਗੁਰੂ ਪਾਤਸ਼ਾਹ ਨੇ ਖਾਲਸਾ ਸਾਜਨ ਵੇਲੇ ਹੁਕਮ ਕੀਤਾ ਕਿ :–

1. ਹਰ ਸਿਖ ਕਿਰਪਾਨ ਧਾਰੀ ਤੇ ਸ਼ਸਤਰ ਧਾਰੀ ਹੋਵੇ।
2. ਉਨ੍ਹਾਂ ਨੇ ਆਪ ਅਤੇ ਆਪਣੇ ਸਿਖਾਂ ਨੂੰ ਨੀਲੇ ਬਸਤਰ ਪਹਿਨੇ ਅਤੇ ਪਹਿਨਵਾਏ।
3. ਉਨ੍ਹਾਂ ਹਾਥੀ ਤੇ ਅਰਬੀ-ਇਰਾਕੀ ਘੋੜੇ ਜਿਥੇ ਆਪ ਰਖੇ ਉਥੇ ਸਿੰਘਾਂ ਨੂੰ ਹਜ਼ਾਰਾਂ ਇਰਾਕੀ ਤੇ ਅਰਬੀ ਘੋੜਿਆਂ ਦੀ ਬਖਸ਼ਸ਼ ਕੀਤੀ।
4. ਜਿਹੜਾ ਨੀਲੰਬਰ ਬਾਣਾ ਦਰਬਾਰ ਵਿਚ ਪਹਿਨਿਆ ਜਾਂਦਾ ਸੀ ਉਹ ਸਰਬਤ ਖਾਲਸੇ ਨੂੰ ਪਹਿਨਾਇਆ।

'ਸਾਬਤ ਸੂਰਤ ਦਸਤਾਰ ਸਿਰਾ' ਵਾਲਾ ਸਰੂਪ ਜੋ ਦਸਾਂ ਗੁਰੂਆਂ ਨੇ ਧਾਰਿਆ ਸੀ, ਉਹ ਖਾਲਸੇ ਨੂੰ ਦਿਤਾ ਅਤੇ ਕੇਸ ਦਾੜ੍ਹੇ ਤੇ ਦਸਤਾਰ ਦੀ ਫ਼ਕੀਰੀ ਤੇ ਰਾਜਸੀ ਠਾਠ ਦਿਤਾ–ਖਾਲਸੇ ਨੂੰ ਬਾਦਸ਼ਾਹ ਦਰਵੇਸ਼ ਬਣਾਇਆ।

ਯਾਦ ਰਵ੍ਹੇ ਨੀਲਾ ਰੰਗ ਗਿਆਨ ਦਾ ਰੰਗ ਮੰਨਿਆ ਗਿਆ ਹੈ। ਇਸ ਦੇ ਉਲਟ ਕਾਲਾ ਰੰਗ ਅਗਿਆਨ ਦਾ ਰੰਗ ਮੰਨਿਆ ਗਿਆ ਹੈ ਜਾਂ ਫਿਰ ਜੈਤੋ ਆਦਿ ਦੇ ਮੋਰਚਿਆਂ ਸਮੇਂ ਅੰਗ੍ਰੇਜ਼ੀ ਸਰਕਾਰ ਵਿਰੁਧ ਪ੍ਰੋਟੈਸਟ ਦੇ ਤੌਰ ਤੇ ਕਾਲੀਆਂ ਦਸਤਾਰਾਂ ਤੇ ਦੁਪਟੇ ਕੁਝ ਚਿਰ ਲਈ ਬੰਨ੍ਹੇ ਗਏ ਸਨ।

ਪੁਰਾਤਨ ਸਮੇਂ, ਜਿਸ ਦੇ ਮਨ ਵਿਚ ਸੁਲ੍ਹਾ ਕਰਵਾਉਣ ਦਾ ਉਦੇਸ਼ ਹੁੰਦਾ ਉਹ ਮੋਰ ਦੇ ਪੰਖ (ਜੋ ਗਾੜ੍ਹੇ ਨੀਲੇ ਰੰਗ ਦੇ ਹੁੰਦੇ ਹਨ) ਦਾ ਮੁਕਟ ਧਾਰਨ ਕਰਦਾ ਹੁੰਦਾ ਸੀ ਜਾਂ ਨੀਲੇ ਬਸਤਰ ਪਹਿਨਦਾ ਹੁੰਦਾ ਸੀ।

ਕ੍ਰਿਸ਼ਨ ਮਹਾਰਾਜ ਜੀ ਨੇ ਕੋਰਵਾਂ-ਪਾਂਡਵਾਂ ਦੇ ਯੁਧ ਨੂੰ ਰੋਕਣ ਦਾ ਬੜਾ ਯਤਨ ਕੀਤਾ ਕਿ ਸੁਲ੍ਹਾ ਹੋ ਜਾਵੇ। ਪਰ ਦੁਰਯੋਧਨ ਦੀ ਹਠ ਧਰਮੀ ਨੇ ਇਹ ਕਾਰਜ ਸਿਰੇ ਨ ਚੜ੍ਹਨ ਦਿਤਾ। ਸੁਲ੍ਹਾ ਕਰਵਾਉਣ ਸਮੇਂ ਕ੍ਰਿਸ਼ਨ ਜੀ ਨੇ ਮੋਰ ਮੁਕਟ ਪਹਿਨਿਆ ਸੀ। ਇਸ ਤਰ੍ਹਾਂ ਇਹ ਨੀਲਾ ਰੰਗ ਪੁਰਾਨੇ ਸਮੇਂ ਗਿਆਨ ਦੇ ਰੰਗ ਦੇ ਨਾਲ ਨਾਲ (ਅਤੇ ਗੁਰੂ ਸਾਹਿਬ ਦੇ ਸਮੇਂ ਵੀ) ਸੁਲਾਹ ਸਫ਼ਾਈ ਦਾ ਚਿੰਨ੍ਹ ਮੰਨਿਆ ਗਿਆ ਸੀ।

ਅਮਨ ਦੇ ਮੁਦਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਨੀਲੇ ਬਸਤ੍ਰ ਧਾਰਨ ਕਰਦੇ ਹੋਇਆਂ ਅਕਾਲ ਪੁਰਖ ਨੂੰ ਵੀ ਉਸੇ ਨੀਲੇ ਰੂਪ ਵਿਚ ਮੰਨਿਆ ਤੇ ਲਿਖਿਆ :-

*ਪ੍ਰਭ ਜੀ ਤੋਂ ਕਹਿ ਲਾਜ ਹਮਾਰੀ*
*ਨੀਲ ਕੰਠ ਨਰ ਹਰਿ ਨਾਰਾਇਣ,*
*ਨੀਲ ਬਸਨ ਬਨਵਾਰੀ।।*

ਭਾਈ ਗੁਰਦਾਸ ਜੀ ਦੂਜੇ, ਵਾਰ 41 ਵਿਚ ਸਿੰਘਾਂ ਦੇ ਸਾਜਨ ਸਮੇਂ ਦੇ ਨੀਲੇ ਪਹਿਰਾਵੇ ਬਾਰੇ ਇਸ ਤਰ੍ਹਾਂਲਿਖਦੇ ਹਨ ਜਿਸਨੂੰ ਅਸੀਂ ਕਈ ਵਾਰ ਪੜ੍ਹਦੇ ਸੁਣਦੇ ਹਾਂ :-

*ਉਹ ਗੁਰੂ ਗੋਬਿੰਦ ਹੋਇ ਪ੍ਰਗਟਿਆ ਦਸਵੇਂ ਅਵਤਾਰਾ।।*
*ਜਿਨ ਅੱਲਖ ਅਕਾਲ ਨਿਰੰਜਨਾ ਜਪਿਓ ਕਰਤਾਰਾ।।*
*ਜਿਨ ਪੰਥ ਚਲਾਇਓ ਖਾਲਸਾ ਧਰ ਤੇਜ ਕਰਾਰਾ।।*
*ਸਿਰ ਕੇਸ ਧਾਰ, ਗਹਿ ਖੜਗ ਕੋ, ਸਭ ਦੁਸ਼ਟ ਪਛਾਰਾ।।*
*ਇਉਂ ਉਪਜੇ ਸਿੰਘ ਭੁੰਜਗੀਏ ਨੀਲੰਬਰ ਧਾਰਾ।।*

ਦਸਮ ਪਾਤਸ਼ਾਹ ਜੀ ਭਗਉਤੀ ਛੱਕੇ ਦੇ ਪੰਜਵੇਂ ਛੰਦ ਵਿਚ। ਇਸ ਤਰ੍ਹਾਂ ਲਿਖਦੇ ਹਨ :-

ਦਾ ਸਵਾਰੀ ਨਹੀਂ ਕਰੇਗਾ......ਆਦਿ।

ਉਪਰ ਦਿਤੇ ਬਾਦਸ਼ਾਹੀ ਹੁਕਮ ਦੇ ਉਲਟ ਗੁਰੂ ਪਾਤਸ਼ਾਹ ਨੇ ਖਾਲਸਾ ਸਾਜਨ ਵੇਲੇ ਹੁਕਮ ਕੀਤਾ ਕਿ :–

1. ਹਰ ਸਿਖ ਕਿਰਪਾਨ ਧਾਰੀ ਤੇ ਸ਼ਸਤਰ ਧਾਰੀ ਹੋਵੇ।
2. ਉਨ੍ਹਾਂ ਨੇ ਆਪ ਅਤੇ ਆਪਣੇ ਸਿਖਾਂ ਨੂੰ ਨੀਲੇ ਬਸਤਰ ਪਹਿਨੇ ਅਤੇ ਪਹਿਨਵਾਏ।
3. ਉਨ੍ਹਾਂ ਹਾਥੀ ਤੇ ਅਰਬੀ-ਇਰਾਕੀ ਘੋੜੇ ਜਿਥੇ ਆਪ ਰਖੇ ਉਥੇ ਸਿੰਘਾਂ ਨੂੰ ਹਜ਼ਾਰਾਂ ਇਰਾਕੀ ਤੇ ਅਰਬੀ ਘੋੜਿਆਂ ਦੀ ਬਖਸ਼ਸ਼ ਕੀਤੀ।
4. ਜਿਹੜਾ ਨੀਲੰਬਰ ਬਾਣਾ ਦਰਬਾਰ ਵਿਚ ਪਹਿਨਿਆ ਜਾਂਦਾ ਸੀ ਉਹ ਸਰਬਤ ਖਾਲਸੇ ਨੂੰ ਪਹਿਨਾਇਆ।

'ਸਾਬਤ ਸੂਰਤ ਦਸਤਾਰ ਸਿਰਾ' ਵਾਲਾ ਸਰੂਪ ਜੋ ਦਸਾਂ ਗੁਰੂਆਂ ਨੇ ਧਾਰਿਆ ਸੀ, ਉਹ ਖਾਲਸੇ ਨੂੰ ਦਿਤਾ ਅਤੇ ਕੇਸ ਦਾੜ੍ਹੇ ਤੇ ਦਸਤਾਰ ਦੀ ਫ਼ਕੀਰੀ ਤੇ ਰਾਜਸੀ ਠਾਠ ਦਿਤਾ–ਖਾਲਸੇ ਨੂੰ ਬਾਦਸ਼ਾਹ ਦਰਵੇਸ਼ ਬਣਾਇਆ।

ਯਾਦ ਰਵ੍ਹੇ ਨੀਲਾ ਰੰਗ ਗਿਆਨ ਦਾ ਰੰਗ ਮੰਨਿਆ ਗਿਆ ਹੈ। ਇਸ ਦੇ ਉਲਟ ਕਾਲਾ ਰੰਗ ਅਗਿਆਨ ਦਾ ਰੰਗ ਮੰਨਿਆ ਗਿਆ ਹੈ ਜਾਂ ਫਿਰ ਜੈਤੋ ਆਦਿ ਦੇ ਮੋਰਚਿਆਂ ਸਮੇਂ ਅੰਗ੍ਰੇਜ਼ੀ ਸਰਕਾਰ ਵਿਰੁਧ ਪ੍ਰੋਟੈਸਟ ਦੇ ਤੌਰ ਤੇ ਕਾਲੀਆਂ ਦਸਤਾਰਾਂ ਤੇ ਦੁਪਟੇ ਕੁਝ ਚਿਰ ਲਈ ਬੰਨ੍ਹੇ ਗਏ ਸਨ।

ਪੁਰਾਤਨ ਸਮੇਂ, ਜਿਸ ਦੇ ਮਨ ਵਿਚ ਸੁਲ੍ਹਾ ਕਰਵਾਉਣ ਦਾ ਉਦੇਸ਼ ਹੁੰਦਾ ਉਹ ਮੋਰ ਦੇ ਪੰਖ (ਜੋ ਗਾੜ੍ਹੇ ਨੀਲੇ ਰੰਗ ਦੇ ਹੁੰਦੇ ਹਨ) ਦਾ ਮੁਕਟ ਧਾਰਨ ਕਰਦਾ ਹੁੰਦਾ ਸੀ ਜਾਂ ਨੀਲੇ ਬਸਤਰ ਪਹਿਨਦਾ ਹੁੰਦਾ ਸੀ।

ਕ੍ਰਿਸ਼ਨ ਮਹਾਰਾਜ ਜੀ ਨੇ ਕਰਵਾਂ-ਪਾਂਡਵਾਂ ਦੇ ਯੁਧ ਨੂੰ ਰੋਕਣ ਦਾ ਬੜਾ ਯਤਨ ਕੀਤਾ ਕਿ ਸੁਲ੍ਹਾ ਹੋ ਜਾਵੇ। ਪਰ ਦੁਰਯੋਧਨ ਦੀ ਹਠ ਧਰਮੀ ਨੇ ਇਹ ਕਾਰਜ ਸਿਰੇ ਨ ਚੜ੍ਹਨ ਦਿਤਾ। ਸੁਲ੍ਹਾ ਕਰਵਾਉਣ ਸਮੇਂ ਕ੍ਰਿਸ਼ਨ ਜੀ ਨੇ ਮੋਰ ਮੁਕਟ ਪਹਿਨਿਆ ਸੀ। ਇਸ ਤਰ੍ਹਾਂ ਇਹ ਨੀਲਾ ਰੰਗ ਪੁਰਾਣੇ ਸਮੇਂ ਗਿਆਨ ਦੇ ਰੰਗ ਦੇ ਨਾਲ ਨਾਲ (ਅਤੇ ਗੁਰੂ ਸਾਹਿਬ ਦੇ ਸਮੇਂ ਵੀ) ਸੁਲਾਹ ਸਫ਼ਾਈ ਦਾ ਚਿੰਨ੍ਹ ਮੰਨਿਆ ਗਿਆ ਸੀ।

ਅਮਨ ਦੇ ਮੁਦਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਨੀਲੇ ਬਸਤ੍ਰ ਧਾਰਨ ਕਰਦੇ ਹੋਇਆਂ ਅਕਾਲ ਪੁਰਖ ਨੂੰ ਵੀ ਉਸੇ ਨੀਲੇ ਰੂਪ ਵਿਚ ਮੰਨਿਆ ਤੇ ਲਿਖਿਆ :-

*ਪ੍ਰਭ ਜੀ ਤੌਂ ਕਹਿ ਲਾਜ ਹਮਾਰੀ*
*ਨੀਲ ਕੰਠ ਨਰ ਹਰਿ ਨਾਰਾਇਣ,*
*ਨੀਲ ਬਸਨ ਬਨਵਾਰੀ।।*

ਭਾਈ ਗੁਰਦਾਸ ਜੀ ਦੂਜੇ, ਵਾਰ 41 ਵਿਚ ਸਿੰਘਾਂ ਦੇ ਸਾਜਨ ਸਮੇਂ ਦੇ ਨੀਲੇ ਪਹਿਰਾਵੇ ਬਾਰੇ ਇਸ ਤਰ੍ਹਾਂਲਿਖਦੇ ਹਨ ਜਿਸਨੂੰ ਅਸੀਂ ਕਈ ਵਾਰ ਪੜ੍ਹਦੇ ਸੁਣਦੇ ਹਾਂ :-

*ਉਹ ਗੁਰੂ ਗੋਬਿੰਦ ਹੋਇ ਪ੍ਰਗਟਿਆ ਦਸਵੇਂ ਅਵਤਾਰਾ।।*
*ਜਿਨ ਅੱਲਖ ਅਕਾਲ ਨਿਰੰਜਨਾ ਜਪਿਓ ਕਰਤਾਰਾ।।*
*ਜਿਨ ਪੰਥ ਚਲਾਇਓ ਖਾਲਸਾ ਧਰ ਤੇਜ ਕਰਾਰਾ।।*
*ਸਿਰ ਕੇਸ ਧਾਰ, ਗਹਿ ਖੜਗ ਕੋ, ਸਭ ਦੁਸ਼ਟ ਪਛਾਰਾ।।*
*ਇਉਂ ਉਪਜੇ ਸਿੰਘ ਭੁਜੰਗੀਏ ਨੀਲੰਬਰ ਧਾਰਾ।।*

ਦਸਮ ਪਾਤਸ਼ਾਹ ਜੀ ਭਗਉਤੀ ਛੱਕੇ ਦੇ ਪੰਜਵੇਂ ਛੰਦ ਵਿਚ ਇਸ ਤਰ੍ਹਾਂ ਲਿਖਦੇ ਹਨ :-

*ਦਹੂੰ ਪੰਥ ਮੈਂ ਕਪਟ ਵਿਦਯਾ ਚਲਾਨੀ।।*
*ਬਹੁਰ ਤੀਸਰੇ ਪੰਥ ਕੀਜੋਂ ਪ੍ਰਧਾਨੀ।।*
*ਕਰੂੰ ਖਾਲਸਾ ਪੰਥ ਤੀਜੋਂ ਪ੍ਰਵੇਸ਼ਾ।।*
*ਜਗੋਂ ਸਿੰਘ ਜੋਧੇ ਧਰੇ ਨੀਲ ਭੇਸਾ।।*

ਹਿੰਦੂ ਮੁਸਲਮਾਨ ਨੂੰ ਆਪਸ ਵਿਚ ਖਹਿ ਖਹਿ ਮਰਦੇ ਵੇਖ ਕੇ ਜਗਤ ਗੁਰੂ, ਗੁਰੂ ਨਾਨਕ ਪਾਤਸ਼ਾਹ ਇਨ੍ਹਾਂ ਵਿਚ ਸੁਲਾਹ ਦੀ ਭਾਵਨਾ ਪੈਦਾ ਕਰਨ ਦੇ ਉਦੇਸ਼ ਨਾਲ, ਜਦ ਮੱਕੇ ਗਏ ਤਾਂ ਉਥੋਂ ਦੇ ਲੋਕਾਂ ਨੂੰ ਸਮਝਾਉਣ ਵਾਸਤੇ ਨੀਲੇ ਬਸਤਰ ਹੀ ਪਹਿਣ ਕੇ ਗਏ ਸਨ ਜਿਵੇਂ :—

*ਬਾਬਾ ਫਿਰ ਮਕੇ ਗਇਆ*
*ਨੀਲ ਬਸਤਰ ਧਾਰੇ ਬਨਵਾਰੀ।।*

ਇਨਾਂ ਸਿਧਾਂਤਕ ਪਖਾਂ ਅਤੇ ਇਤਿਹਾਸਕ ਲਿਖਤਾਂ ਤੋਂ ਸਪਸ਼ਟ ਹੁੰਦਾ ਹੈ ਕਿ ਗੁਰੂ ਕਲਗੀਧਰ ਪਾਤਸ਼ਾਹ ਨੇ ਅੰਮ੍ਰਿਤ ਛਕਾਉਣ ਦੇ ਆਰੰਭ ਵਿਚ ਨੀਲਾ ਬਾਣਾ ਜਿਥੇ ਆਪ ਪਹਿਨਿਆ ਸੀ, ਉਥੇ ਪੰਜਾਂ ਪਿਆਰਿਆਂ ਨੂੰ ਵੀ ਇਹੋ ਬਾਣਾ ਪਹਿਨਾਇਆ ਸੀ।

1925 ਤੋਂ ਮਗਰੋਂ ਅੰਗ੍ਰੇਜ਼ਾਂ ਦੇ ਭਾਰਤੀਆਂ ਪ੍ਰਤੀ ਬਣਾਏ ਗ਼ਲਤ ਜਾਂ ਸਖ਼ਤ ਕਾਨੂੰਨਾਂ ਦਾ ਵਿਰੋਧ ਕਰਨ, ਉਨਾਂ ਵਿਰੁਧ ਪ੍ਰੋਟੈਸਟ ਕਰਨ ਲਈ ਹੀ ਸ਼ਾਇਦ ਕਾਲੀਆਂ ਦਸਤਾਰਾਂ ਤੇ ਕਾਲੇ ਦੁਪੱਟੇ ਪਹਿਨੇ-ਪਹਿਨਾਏ ਜਾਂਦੇ ਸਨ। ਪਰ ਸਮੇਂ ਦੇ ਬੀਤਣ ਨਾਲ ਹੋਰ ਕਈ ਜ਼ਰੂਰੀ ਗੱਲਾਂ ਵਾਂਗ ਅਸੀਂ ਜਿਥੇ ਨੀਲੇ ਅਤੇ ਕਾਲੇ ਰੰਗ ਦੇ ਫ਼ਰਕ ਨੂੰ ਭੁਲ ਗਏ ਉਥੇ ਸਾਨੂੰ ਇਹ ਵੀ ਸ਼ਾਇਦ ਚੇਤਾ ਨਹੀਂ ਰਿਹਾ ਕਿ ਗੁਰੂ ਪਾਤਸ਼ਾਹ ਨੇ ਵੈਸਾਖੀ ਵਾਲੇ ਦਿਨ ਅੰਮ੍ਰਿਤ ਛਕਾਉਣ ਸਮੇਂ ਨੀਲਾ ਰੰਗ (ਗਿਆਨ ਦਾ ਰੰਗ) ਪਹਿਨਆ ਅਤੇ ਪਹਿਨਾਇਆ ਸੀ। ਕਾਲਾ ਨਹੀਂ।

ਸੋ ਸਾਨੂੰ ਆਪਣੇ ਗੌਰਵ ਮਈ ਵਿਰਸੇ ਨਾਲ ਜੁੜੀਆਂ ਵਸਤਾਂ

ਨੂੰ ਭੁਲਣਾ ਨਹੀਂ ਚਾਹੀਦਾ।

ਯਾਦ ਰਵ੍ਹੇ ਪੁਰਾਤਨ ਲਿਖਤਾਂ ਅਨੁਸਾਰ ਕੇਸਰੀ ਨਿਸ਼ਾਨ ਉਨ੍ਹਾਂ ਵੀਰ (ਸੂਰਮੇ) ਲੋਕਾਂ ਦੇ ਮਾਣ ਦਾ ਨਿਸ਼ਾਨ ਮੰਨਿਆ ਹੋਇਆ ਸੀ ਜੋ ਧਰਮ, ਦੇਸ਼ ਅਤੇ ਮਾਨਵਤਾ ਦੀ ਰਖਿਆ ਹਿਤ ਯੁਧ ਕਰਨ ਦੀ ਭਾਵਨਾ ਰਖਦੇ ਹੋਣ। ਇਹੋ ਕਾਰਨ ਹੈ ਸਾਡੇ ਕਈ ਗੁਰਦੁਆਰਿਆਂ ਵਿਚ ਇਕ ਨੀਲੇ ਰੰਗ ਦਾ ਨਿਸ਼ਾਨ-ਸਾਹਿਬ ਹੁੰਦਾ ਸੀ ਅਤੇ ਦੂਜਾ ਕੇਸਰੀ ਰੰਗ ਦਾ ਜਾਂ ਨਿਸ਼ਾਨ ਸਾਹਿਬ ਦਾ ਫਰਾ ਨੀਲੇ ਰੰਗ ਦਾ ਅਤੇ ਹੇਠਲਾ ਬਸਤਰ ਕੇਸਰੀ ਰੰਗ ਦਾ। ਅਰਥਾਤ ਖਾਲਸੇ ਨੇ ਇਨ੍ਹਾਂ ਰੰਗਾਂ ਨੂੰ ਅਪਣਾਇਆ ਹੋਇਆ ਹੈ ਅਤੇ ਅਪਣਾਈ ਰਖਣਾ ਚਾਹੀਦਾ ਹੈ।

## ਇਕ ਹੋਰ ਗਲ

ਸਾਡੇ ਵਿਚੋਂ ਕਈ ਲੋਕ ਖੰਡੇ ਅਤੇ ਅੰਮ੍ਰਿਤ ਦੀ ਅਸਲ ਸ਼ਕਤੀ ਤੇ ਮਹਾਨਤਾ ਨੂੰ ਭੁਲਾ ਕੇ ਫ਼ਜ਼ੂਲ ਬਹਿਸ ਵਿਚ ਪਤਾ ਨਹੀਂ ਕਿਉਂ ਪੈ ਜਾਂਦੇ ਹਨ ਕਿ ਗੁਰੂ ਪਾਤਸ਼ਾਹ ਨੇ ਤੰਬੂ ਅੰਦਰ ਬੰਦੇ ਝਟਕਾਏ ਸਨ ਜਾਂ ਬਕਰੇ?

ਅਸਲ ਵਿਚ ਤੰਬੂ ਅੰਦਰ ਜੋ ਵਾਪਰਿਆ ਉਸ ਬਾਰੇ ਜਾਂ ਉਹ ਪੰਜ ਪਿਆਰੇ ਜਾਣਦੇ ਸਨ ਜਾਂ ਗੁਰੂ ਪਾਤਸ਼ਾਹ ਆਪ, ਜਿਨ੍ਹਾਂ ਨੇ ਇਹ ਕੌਤਕ ਰਚਾਇਆ। ਸਾਨੂੰ ਤਾਂ ਇਤਨਾਂ ਕਹਿਣਾ ਬਣਦਾ ਹੈ ਕਿ ਉਹ ਦਿਨ ਪ੍ਰੀਖਿਆ ਦਾ ਦਿਨ ਸੀ ਜਿਸ ਵਿਚ ਸਿਖ ਦੇ ਸਿਦਕ ਦੀ ਪ੍ਰੀਖਿਆ ਹੋਣੀ ਸੀ ਤੇ ਉਹ ਪ੍ਰੀਖਿਆ ਹੋਈ ਜਿਸ ਵਿਚ ਸਿਖ ਪਾਸ ਹੋਏ ਅਤੇ ਇਸ ਗਲ ਨੂੰ ਸਾਰਿਆਂ ਨੇ ਮੰਨਿਆ ਹੈ।

ਵੈਸੇ ਵੀ ਵੇਖਿਆ ਜਾਏ ਤਾਂ ਪ੍ਰੀਖਿਆ ਲੈਣ ਵਾਲਾ ਆਪਣਾ ਪਰਚਾ ਕਦੀ ਨਹੀਂ ਦਸਦਾ ਹੁੰਦਾ। ਜੇ ਪਰਚਾ ਦਸ ਹੀ ਦਿਤਾ ਜਾਏ ਤਾਂ ਉਹ ਪ੍ਰੀਖਿਆ ਕਾਹਦੀ ? ਉਹ ਇਮਤਿਹਾਨ ਕਾਹਦਾ ?

ਜਿਸ ਦਿਨ ਤੋਂ ਗੁਰੂ ਪਾਤਸ਼ਾਹ ਨੇ ਅੰਮ੍ਰਿਤ ਛਕਾਇਆ ਉਸ ਦਿਨ ਤੋਂ ਹੀ ਦਸ਼ਮੇਸ਼ ਪਿਤਾ ਜੀ ਦਾ ਇਕਰਾਰ :–

***ਖਾਲਸਾ ਮੇਰੋ ਰੂਪ ਹੈ ਖਾਸ।।***

***ਖਾਲਸੇ ਮੈਂ ਹਉਂ ਕਰਉਂ ਨਿਵਾਸ।।***

*ਮੌਜੂਦ ਹੈ ਅਤੇ ਮੌਜੂਦ ਰਹੇਗਾ।*

ਜਿਹੜੀ ਜੋਤ ਭਾ: ਲਹਿਣਾ ਜੀ ਅਤੇ ਫਿਰ ਗੁਰੂ ਅਮਰਦਾਸ ਜੀ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕਲੇ-ਕਲੇ ਸਰੀਰ ਵਿਚ ਸਮਾ ਕੇ ਪ੍ਰਕਾਸ਼ ਕਰਦੀ ਸੀ ਉਹ 'ਖਾਲਸੇ ਮੈਂ ਹਉਂ ਕਰਉਂ ਨਿਵਾਸ' ਕਹਿ ਕੇ ਸਾਰੇ ਖਾਲਸੇ ਪੰਥ ਵਿਚ, ਖਾਸ ਕਰਕੇ ਅੰਮ੍ਰਿਤ ਛਕਾਉਣ ਵਾਲੇ ਪੰਜਾਂ ਵਿਚ ਆਪਣਾ ਪ੍ਰਕਾਸ਼ ਦੇਣ ਲੱਗ ਪਈ।

ਅਗੋਂ ਲਈ ਗੁਰ ਦੀ ਖਯਾ ਦਾ ਕੰਮ 'ਪੰਜੀਂ ਪਰਮੇਸਰ' ਹੋ ਕੇ ਕਲਗੀਵਾਲਾ ਪਾਤਸ਼ਾਹ ਸਦਾ ਲਈ ਕਰਨ ਲਗ ਪਿਆ। ਪੰਜਾਂ ਵਿਚ ਗੁਰਤਵ ਆ ਗਿਆ।

ਵੈਸੇ ਦੀ ਗੁਰਬਾਣੀ ਵਿਚ ਜਿਥੇ :–

***ਗੁਰਸਿਖਾਂ ਅੰਦਰਿ ਸਤਿਗੁਰ ਵਰਤੈ।।***

ਲਿਖਿਆ ਹੋਇਆ ਹੈ ਉਥੇ 'ਮਹਿਮਾਂ ਪ੍ਰਕਾਸ਼' ਵਿਚ ਵੀ ਇਸ ਤਰ੍ਹਾਂ ਲਿਖਿਆ ਮਿਲਦਾ ਹੈ :–

***ਪੰਚ ਸਿਖ ਗੁਰਮੁਖਿ ਜੋ ਹੋਇ।।***

***ਤਾਂ ਸਿਉਂ ਲਏ ਮੰਤ੍ਰ ਸਭ ਕੋਇ।।***

'ਗੁਰੂ ਪਦ ਨਿਰਣੈ' ਦੀ ਲਿਖਤ ਅਨੁਸਾਰ ਇਹ ਗਲ ਬਿਲਕੁਲ ਠੀਕ ਹੈ– "ਹਰ ਸਿਖ ਦਾ ਈਮਾਨ ਹੈ ਤੇ ਗੁਰਸਿਖੀ ਦੀ ਪਰੰਪਰਾ ਤੇ ਅਸੂਲ ਹੈ ਕਿ ਕਲਗੀਧਰ ਜੀ ਅੰਮ੍ਰਿਤ ਆਪ ਛਕਾਉਂਦੇ ਹਨ।"

# ਪਰ

ਪਰ ਜਿਹੜੇ ਕਹਿੰਦੇ ਹਨ ਕਿ ਹੁਣ ਵੀਹਵੀਂ ਸਦੀ ਵਿਚ ਅੰਮ੍ਰਿਤ ਉਹ ਸ਼ਕਤੀ ਨਹੀਂ ਰਹੀ ਜੋ ਪੁਰਾਤਨ ਸਿੰਘਾਂ ਵਿਚੋਂ ਪੰਜ ਪਿਆਰੇ ਛਕਾਂਦੇ' ਹੁੰਦੇ ਸਨ, ਉਨ੍ਹਾਂ ਨੂੰ ਕਈ ਦਿਤੀਆਂ ਜਾ ਸਕਦੀਆਂ ਉਦਾਹਰਣਾਂ ਵਿਚੋਂ ਕੇਵਲ ਇਕ ਹੀ ਇਥੇ ਲਿਖ ਕੇ ਗਲ ਖਤਮ ਕਰਨੀ ਚਾਹਾਂਗੇ। ਅਸਲ ਵਿਚ ਜਿਹੜੇ ਵੀ ਉਪਰ ਦਿਤੀ ਭਾਵਨਾ ਨਾਲ ਅੰਮ੍ਰਿਤ ਛਕਦੇ-ਛਕਾਉਂਦੇ ਹਨ, ਉਨ੍ਹਾਂ ਅੰਦਰ ਅੰਮ੍ਰਿਤ ਦੀ ਉਹੋ ਸ਼ਕਤੀ ਕੰਮ ਕਰਦੀ ਹੈ ਅਤੇ ਕਰਦੀ ਰਹੇਗੀ ਜੋ ਪੁਰਾਤਨ ਸਿੰਘਾਂ ਦੇ ਸਮੇਂ ਹੁੰਦੀ ਸੀ।

ਗਲ ਬਹੁਤ ਪੁਰਾਣੀ ਨਹੀਂ। 1971 ਦੀ ਭਾਰਤ ਪਾਕਿਸਤਾਨ ਦੀ ਭਿਆਨਕ ਲੜਾਈ ਸਮੇਂ ਅੰਮ੍ਰਿਤਧਾਰੀ ਸਿੰਘਾਂ ਨੇ ਜੋ ਮਹਾਨ ਕਾਰਨਾਮਾ ਕਰ ਵਿਖਾਇਆ ਸੀ ਉਹ ਉਨ੍ਹਾਂ ਦੇ ਅੰਮ੍ਰਿਤ ਛਕਣ ਸਦਕੇ ਹੀ ਸੀ। ਇਸ ਦਾ ਲਿਖਤੀ ਸਬੂਤ ਪਾਕਿਸਤਾਨ ਦੇ ਮੇਜਰ ਜਨਰਲ ਮੁਕੀਨ ਖਾਂ ਜੀ ਨੇ ਆਪਣੀ ਲਿਖੀ ਪੁਸਤਕ 'ਕਰਾਈਸਿਸ ਆਫ਼ ਲੀਡਰਸ਼ਿਪ' (ਅੰਗ੍ਰੇਜ਼ੀ ਵਿਚ) ਅਸੀਂ ਡਿਠਾਂ ਤੇ ਹੱਡ ਬੀਤਿਆਂ ਦਿਤਾ ਹੈ।

ਉਸਨੇ ਇਸ ਲੜਾਈ ਵਿਚ ਪਾਕਿਸਤਾਨ ਦੇ ਹਾਰਨ ਦੇ ਕਾਰਨ ਬੜੀ ਦਲੇਰੀ ਅਤੇ ਨਿਰਪਖਤਾ ਨਾਲ ਲਿਖੇ ਹਨ। ਉਨ੍ਹਾਂ ਵਿਚੋਂ ਇਕ ਵਿਸ਼ੇਸ਼ ਕਾਰਨ ਜੋ ਉਸ ਨੇ ਪੰਨਾ 250 ਉਤੇ ਲਿਖਿਆ ਹੈ। ਉਹ ਇਸ ਤਰ੍ਹਾਂ ਹੈ :—

ਸਾਡੀ ਹਾਰ ਦਾ ਇਕ ਖਾਸ ਤੇ ਵਡਾ ਕਾਰਨ ਸਿੰਘਾਂ ਦੇ ਸਾਹਮਣੇ ਹੋ ਕੇ ਲੜਨਾ ਹੈ। ਸਿੰਘਾਂ ਦੇ ਸਾਹਮਣੇ ਸਾਡੀ ਪੇਸ਼ ਨ ਗਈ। ਸਿੰਘ ਬਹੁਤ ਬਹਾਦਰ ਹਨ, ਇਹ ਏਨੀ ਦਲੇਰੀ ਨਾਲ ਲੜਦੇ ਹਨ ਕਿ ਆਪਣੇ ਨਾਲੋਂ ਕਈ ਗੁਣਾਂ ਵਧੇਰੇ ਫੌਜ ਨੂੰ ਹਾਰ

ਦੇਣ ਦੀ ਸਮਰਥਾ ਰਖਦੇ ਹਨ।

ਲੇਖਕ ਆਪਣੇ ਨਾਲ ਵਾਪਰੀ ਘਟਨਾ ਨੂੰ ਅੱਗੇ ਇਸ ਤਰ੍ਹਾਂ ਲਿਖਿਆ ਹੈ–

"3 ਦਸੰਬਰ 1971 ਨੂੰ ਅਸਾਂ ਹਿੰਦੁਸਤਾਨ ਦੇ ਬਾਰਡਰ 'ਹੁਸੈਨੀ ਵਾਲਾ' ਉਤੇ ਬੜਾ ਵਡਾ ਤੇ ਤਾਕਤਵਾਰ ਇੰਨਫੈਂਟਰੀ ਬਰਿਗੇਡ ਨਾਲ ਬੜਾ ਜ਼ਬਰਦਸਤ ਤੇ ਭਿਆਨਕ ਹਮਲਾ ਕੀਤਾ। ਸਾਡੇ ਇਸ ਬਰਿਗੇਡ ਵਿਚ ਪਾਕਿਸਤਾਨ ਦੀਆਂ ਲੜਾਕੀਆਂ, ਪੰਜਾਬੀ ਮਸ਼ਹੂਰ ਬਹਾਦਰ ਫ਼ੌਜਾਂ ਸ਼ਾਮਲ ਸਨ ਜਿਨ੍ਹਾਂ ਦੇ ਨਾਲ ਇਕ ਪ੍ਰਸਿਧ ਲੜਾਕੀ 'ਬਲੋਚ ਰਜਮੈਂਟ' ਨਵੀਨ ਹਥਿਆਰਾਂ ਨਾਲ ਲੈਸ ਵੀ ਸੀ।''

ਭਾਰਤੀ ਫ਼ੌਜਾਂ ਨੂੰ ਅਸੀਂ ਮਿੰਟਾਂ ਸਕਿੰਟਾਂ ਵਿਚ ਬੜੀ ਦੂਰ ਤਕ ਪਿਛੇ ਧਕੇਲ ਦਿਤਾ। ਉਨ੍ਹਾਂ ਦੇ ਰਖਿਆ ਦੇ ਮੋਰਚੇ ਸਾਡੇ ਕਬਜ਼ੇ ਵਿਚ ਆ ਗਏ। ਭਾਰਤ ਦੀਆਂ (ਗੈਰ ਸਿੰਘਾਂ ਦੀਆਂ) ਫ਼ੌਜਾਂ ਬੜੀ ਤੇਜ਼ੀ ਨਾਲ ਪਿਛੇ ਭੱਜੀਆਂ ਜਾ ਰਹੀਆਂ ਸਨ।

ਪਾਕਿਸਤਾਨੀ ਬੜੀ ਬਹਾਦਰੀ ਨਾਲ ਭਾਰਤ ਦੇ ਪਾਸੇ ਜਿਤਦੇ ਜਾ ਰਹੇ ਸਨ। ਇਸ ਤਰ੍ਹਾਂ ਸਾਡੀਆਂ ਪਾਕਿਸਤਾਨੀ ਫ਼ੌਜਾਂ ਬੜੀ ਤੇਜ਼ ਰਫ਼ਤਾਰ ਨਾਲ ਅਗੇ ਵਧਦੀਆਂ ਜਾ ਰਹੀਆ ਸਨ।

ਸਾਡੀਆਂ ਫ਼ੌਜਾਂ 'ਕੇਸਰ ਹਿੰਦ ਚੌਂਕੀ' ਕੋਲ ਪੁਜੀਆਂ। ਉਸ ਚੌਂਕੀ ਦੀ ਰਖਿਆ ਲਈ ਨਿਯਤ ਕੀਤੀ ਹੋਈ ਫੌਜੀਆਂ ਦੀ ਟੁਕੜੀ ਸਿੰਘਾਂ ਦੀ ਸੀ ਜੋ ਕਿ ਸਿੱਖ ਰਜਮੈਂਟਾਂ ਵਿਚੋਂ ਸਨ। ਉਨ੍ਹਾਂ ਥੋੜ੍ਹੇ ਜਿਹੇ ਜਵਾਨਾਂ ਨੇ ਸਾਡਾ ਅਗਾ ਲੋਹੇ ਦੀ ਕੰਧ ਦੀ ਤਰ੍ਹਾਂ ਰੋਕ ਲਿਆ ਅਤੇ ਜ਼ੋਰ ਜ਼ੋਰ ਨਾਲ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਦੇ ਨਾਹਰੇ ਲਗਾ ਕੇ ਸਾਡੇ ਉਤੇ ਭੁਖੇ ਬਾਜ਼ਾਂ ਅਤੇ ਸ਼ੇਰ ਦੀ ਤਰ੍ਹਾਂ ਟੁਟ ਕੇ ਪਏ। ਇਹ ਸਾਰੇ ਸਿਪਾਹੀ 'ਸਿੰਘ' ਸਨ।

ਬਹੁਤ ਹੀ ਖੌਫ਼ਨਾਕ ਤੇ ਘਮਸਾਨ ਦੀ ਲੜਾਈ ਹੋਈ। ਇਥੋਂ ਤਕ ਕਿ ਲੜਦੇ ਲੜਦੇ ਸਿਪਾਹੀ ਇਕ ਦੂਜੇ ਦੇ ਆਹਮਣੇ ਸਾਹਮਣੇ

ਦਸਤ-ਬਦਸਤ, (ਹਥੋ-ਪਾਈ ਤਕ) ਹੋ ਪਏ ਅਤੇ "ਯਾ ਅਲੀ !" ਅਤੇ "ਸਤਿ ਸ੍ਰੀ ਅਕਾਲ" ਦੇ ਨਾਹਰਿਆ ਨਾਲ ਆਕਾਸ਼ ਅਤੇ ਧਰਤੀ ਗੂੰਜ ਉਠੇ। ਪਰ ਸਿੰਘਾਂ ਨੇ ਹੱਥੋ-ਹਥ ਦੀ ਲੜਾਈ ਵਿਚ ਏਨੀ ਭਾਰੀ ਬਹਾਦਰੀ ਵਿਖਾਈ ਕਿ ਸਾਡੇ ਸਾਰੇ ਅਰਮਾਨ ਮਿਟੀ ਵਿਚ ਮਿਲਾ ਦਿਤੇ।

ਇਸ ਲੜਾਈ ਵਿਚ ਬਲੋਚ ਰਜਮੈਂਟ ਦਾ ਲੈਫਟੀਨੈਂਟ ਕਰਨਲ ਗੁਲਾਮ ਹੁਸੈਨ ਮਾਰਿਆ ਗਿਆ। ਉਸ ਦੇ ਨਾਲ ਮੇਜਰ ਮੁਹੰਮਦ ਜ਼ਈਫ ਅਤੇ ਕੈਪਟਨ ਆਰਫ ਸ਼ਲੀਦ ਵੀ ਮਾਰੇ ਗਏ। ਸਾਡੇ ਜਵਾਨਾਂ ਦੇ ਮਰ ਜਾਣ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਸਿਰਫ਼ ਮੁਠੀ ਭਰ ਸਿੰਘਾਂ ਦੀ ਗਿਣਤੀ ਦਾ ਹੌਂਸਲਾ ਵੇਖ ਕੇ ਅਸੀਂ ਹੱਕੇ ਬੱਕੇ ਰਹਿ ਗਏ।

ਜਦ ਅਸੀਂ ਪੱਕੀ-ਪੋਸਟ ਜੋ ਤਿੰਨ ਮੰਜ਼ਲੀ ਅਤੇ ਪੱਕੀਂ ਸੀਮਿੰਟ ਦੀ ਬਣੀ ਸੀ,ਉਤੇ ਕਬਜ਼ਾ ਕਰ ਲਿਆ ਤਾਂ ਸਿੰਘ ਸਿਪਾਹੀ ਉਪਰਲੀ ਛੱਤ ਉਤੇ ਕਾਬਜ਼ ਹੋ ਗਏ ਅਤੇ ਸਾਡਾ ਡੱਟ ਕੇ ਮੁਕਾਬਲਾ ਕਰਦੇ ਰਹੇ। ਉਹ ਸਾਰੀ ਰਾਤ ਸਾਡੇ ਉਤੇ ਗੋਲੀਆਂ ਦਾ ਮੀਂਹ ਵਰ੍ਹਾਂਦੇ ਰਹੇ। ਉਹ ਬੜੇ ਜ਼ੋਰ ਨਾਲ ਉਚੀ ਉਚੀ "ਸਤਿ ਸ੍ਰੀ ਅਕਾਲ" ਦੇ ਜੈਕਾਰੇ ਛਡਦੇ ਰਹੇ। ਇਨ੍ਹਾਂ ਜੁਆਨਾਂ ਨੇ ਅਗਲੇ ਦਿਨ ਤਕ ਮੁਕਾਬਲਾ ਜਾਰੀ ਰਖਿਆ।

ਅਗਲੇ ਦਿਨ ਸਾਡੇ ਪਾਕਿਸਤਾਨੀ ਟੈਂਕਾਂ ਨੇ ਇਸ ਚੌਂਕੀ ਨੂੰ ਘੇਰਾ ਪਾ ਕੇ, ਤੋਪਾਂ ਨਾਲ ਐਸੀ ਬੰਬਾਂ ਦੀ ਵਰਖਾ ਕੀਤੀ ਕੀ ਚੌਂਕੀ ਬਰੂਦ ਦੀ ਤਰ੍ਹਾਂ ਉਡ ਗਈ। ਮੁੱਠੀ ਭਰ ਸਿੰਘ ਸ਼ਹੀਦ ਹੋ ਗਏ ਪਰ ਦੂਜੇ ਸਿੰਘ ਸਿਪਾਹੀਆਂ ਨੇ ਆਪਣੇ ਤੋਪਖ਼ਾਨੇ ਦੀ ਮਦਦ ਨਾਲ ਸਾਡੇ ਟੈਂਕਾਂ ਨੂੰ ਨਸ਼ਟ ਕਰ ਦਿਤਾ। ਉਹ ਬੜੀ ਬਹਾਦਰੀ ਨਾਲ ਲੜਦੇ ਹੋਏ ਅੱਗੇ ਵੱਧ ਆਏ। ਇਸ ਤਰ੍ਹਾਂ ਸਾਡੀ ਸਾਰੀ ਫ਼ੌਜ ਦੇ ਪੈਰ ਉਖੜ ਗਏ।

ਮੁਠੀ ਭਰ ਸਿੰਘਾਂ ਨੇ ਸਾਡੀ ਮਹਾਨ ਜਿੱਤ ਨੂੰ ਹਾਰ ਵਿਚ ਬਦਲ ਕੇ ਸਾਡੇ ਹੌਂਸਲਿਆਂ ਨੂੰ ਮਿੱਟੀ ਵਿਚ ਮਿਲਾ ਦਿੱਤਾ। ਸਾਰੇ ਬਾਰਡਰ ਉਤੇ ਸਾਡੇ ਹੌਂਸਲੇ ਪਸਤ ਹੋ (ਢਹਿ) ਗਏ। ਇਹੋ ਕੁਝ ਸਾਡੇ ਨਾਲ ਢਾਕੇ (ਬੰਗਲਾ ਦੇਸ਼) ਵਿਚ ਹੋਇਆ। ਜੈਸੂਰ ਦੀ ਲੜਾਈ ਵਿਚ ਵੀ ਸਿੰਘਾਂ ਨੇ ਪਾਕਿਸਤਾਨੀ ਫ਼ੌਜ ਨਾਲ ਉਹ ਟੱਕਰ ਲਈ ਜਿਸ ਨਾਲ ਸਾਡੀ ਕਮਰ ਟੁੱਟ ਗਈ। ਇਹੋ ਹੀ ਇਕ ਵੱਡਾ ਤੇ ਖਾਸ ਕਾਰਨ ਪਾਕਿਸਤਾਨ ਦੇ ਹਾਰ ਜਾਣ ਦਾ ਬਣਿਆ।

ਉਪਰ ਲਿਖੀ ਵਾਰਤਾ ਪੜ੍ਹ ਕੇ ਯਕੀਨ ਕਰਨਾ ਪੈਂਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪੰਜ ਪਿਆਰਿਆਂ ਦੇ ਤਿਆਰ ਕੀਤੇ ਖੰਡੇ ਬਾਟੇ ਦੇ ਅੰਮ੍ਰਿਤ ਦੀ ਜੋ ਸ਼ਕਤੀ ਗੁਰੂ ਸਾਹਿਬ ਵੇਲੇ ਸੀ, ਉਹ ਸ਼ਕਤੀ ਗੁਰੂ ਜੀ ਦੇ ਮਗਰੋਂ ਵੀ ਰਹੀ, ਹੁਣ ਵੀ ਹੈ ਤੇ ਅਗੋਂ ਵੀ ਰਹੇਗੀ।

ਜਿਨਾਂ ਚਿਰ ਗੁਰੂ ਦੇ ਸਿੰਘ, ਗੁਰੂ ਦੀ ਬਾਣੀ ਤੇ ਬਾਣਾ ਦੋਹਾਂ ਦੇ ਧਾਰਨੀ ਰਹਿਣਗੇ, ਉਨ੍ਹਾਂ ਵਿਚੋਂ ਪੰਜ ਪਿਆਰਿਆਂ ਦੇ ਰੂਪ ਵਿਚ ਅੰਮ੍ਰਿਤ ਨੂੰ ਤਿਆਰ ਕਰਦੇ ਰਹਿਣਗੇ, ਗੁਰੂ ਕੇ ਸਿੱਖ ਉਸ ਅੰਮ੍ਰਿਤ ਨੂੰ ਛੱਕ ਕੇ 'ਸਿੰਘ-ਪਦ' ਪ੍ਰਾਪਤ ਕਰ ਕੇ ਸਹੀ ਅਰਥਾਂ ਵਿਚ ਸਿੰਘਾਂ ਵਾਲਾ ਜੀਵਨ ਜੀਉਣਗੇ। ਇਸ ਤਰ੍ਹਾਂ ਚੌਰਾਸੀ ਨਾਲੋਂ ਨਿਆਰੇ ਰਹਿ ਕੇ ''ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ'' ਬੁਲਾਉਂਦੇ ਹੋਏ, ''ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ'' ਦੇ ਜੈਕਾਰੇ ਗਜਾਉਂਦੇ ਰਹਿਣਗੇ।

ਭਾਰਤ ਪਾਕਿਸਤਾਨ ਲੜਾਈ ਸਮੇਂ ਸਿੰਘਾਂ ਦੇ ਇਹੋ ਜਿਹੇ ਅਨੇਕਾਂ ਬਹਾਦਰੀ ਦੇ ਕਾਰਨਾਮਿਆਂ ਦੇ ਨਾਲ-ਨਾਲ ਬੰਗਲਾ ਫਰੰਟ ਵਿਚ ਅਨੇਕਾਂ ਬੰਗਾਲੀ ਕੁੜੀਆਂ, ਜੋ ਪਾਕਿਸਤਾਨੀ ਗੁੰਡੇ ਸਿਪਾਹੀਆਂ ਦੇ ਕਬਜ਼ੇ ਵਿਚ ਭੁੱਖੀਆਂ ਨੰਗੀਆਂ ਰੱਖੀਆਂ ਹੋਈਆਂ ਸਨ, ਇਨ੍ਹਾਂ ਸਿੰਘ ਸੂਰਮਿਆਂ ਨੇ ਜਿਸ

ਤਰ੍ਹਾਂ ਆਪਣੀਆਂ ਪਗੜੀਆਂ ਫਾੜ-ਫਾੜ ਕੇ ਇਨ੍ਹਾਂ ਨੂੰ ਨੰਗੇਜ ਢੱਕਣ ਲਈ ਦਿੱਤੀਆਂ, ਉਥੇ ਆਪਣੀ ਜਾਨ ਤਲੀ ਉਤੇ ਰੱਖ ਕੇ ਇਨ੍ਹਾਂ ਨੂੰ ਸੁਰੱਖਿਅਤ ਥਾਵਾਂ ਤੇ ਭਿਜਵਾਉਣ ਦੇ ਜੋ ਉਪਕਾਰੀ ਕੰਮ ਕੀਤੇ, ਉਹ ਰਹਿੰਦੀ ਦੁਨੀਆ ਤੱਕ ਭੁਲਣ ਵਾਲੇ ਨਹੀਂ ।

ਸਿੰਘਾਂ ਦੇ ਐਸੇ ਉਚੇ ਆਚਰਨ ਤੇ ਬਹਾਦਰੀ ਵਾਲੇ ਕਾਰਨਾਮੇ ਕੋਈ ਪਹਿਲੀ ਵਾਰ ਨਹੀਂ ਹੋਏ, ਸਗੋਂ ਇਹੋ ਜਿਹੀਆਂ ਅਨੇਕਾਂ ਮਹਾਨ ਘਟਨਾਵਾਂ ਸਾਡੇ ਸੁਨਹਿਰੀ ਇਤਿਹਾਸ ਵਿਚ ਮੌਜੂਦ ਹਨ ਜਿੰਨ੍ਹਾਂ ਨੂੰ ਪੜ੍ਹਨ ਵਿਚਾਰਨ ਤੇ ਪ੍ਰਚਾਰਨ ਦੀ ਜਿਥੇ ਲੋੜ ਹੈ, ਉਥੇ ਸਮੂਹ ਸਿੱਖ ਸੰਗਤਾਂ ਨੂੰ ਅੰਮ੍ਰਿਤ ਛੱਕ ਕੇ, ਗੁਰੂ ਵਾਲਾ ਹੋ ਕੇ, ਅੰਦਰੂਨੀ ਤੇ ਬਾਹਰਲੀ ਰਹਿਤ ਦਾ ਧਾਰਨੀ ਹੋਣਾ ਜ਼ਰੂਰੀ ਹੈ ।

## ਜ਼ਰੂਰੀ ਸੂਚਨਾ

ਸਮੂੰਹ ਪਾਠਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਮਤਿ ਪ੍ਰਚਾਰ ਸਭਾ, ਪਟਿਆਲਾ ਨਾਲ ਸੰਬੰਧਤ ਚਿੱਠੀ ਪੱਤਰ ਕਰਨ ਜਾਂ ਲਿਟ੍ਰੇਚਰ ਮੰਗਵਾਉਣ ਲਈ ਮਨੀ ਆਰਡਰ/ਬੈਂਕ ਡਰਾਫ਼ਟ ਆਦਿ **ਅਗੇ ਤੋਂ ਭੇਜਣ ਲਈ ਹੇਠਾਂ ਦਿੱਤਾ ਪਤਾ ਨੋਟ ਕਰਨ :-**

ਭਾ: ਸੁਖਬੀਰ ਸਿੰਘ, ਗੁਰਸਿੱਖ ਫੁਲਵਾੜੀ ਪਬਲਿਕ ਸਕੂਲ, ਗਲੀ ਨੰ: 8, ਗੁਰਬਖਸ਼ ਕਾਲੋਨੀ, ਪਟਿਆਲਾ-147 003 ਫੋਨ : 226796

ਦਸਤੀ ਆ ਕੇ ਲੈਣ ਲਈ ਵੀ ਉਪਰਲਾ ਪਤਾ ਜਾਂ ਚਰਨ ਸਿੰਘ ਐਂਡ ਸੰਨਜ਼ ਕਪੜੇ ਵਾਲੇ, ਸ਼ੇਰੇ ਪੰਜਾਬ ਮਾਰਕੀਟ, ਪਟਿਆਲਾ ਤੋਂ ਪ੍ਰਾਪਤ ਕਰ ਸਕਦੇ ਹੋ ।

ਪ੍ਰਾਰਥਕ

DESIGNED BY A.S. COMPUTER GRAPHICS, PH.: 307348